ਨੰ: 22/2/2012-3 ਐਫ.ਪੀ.2/ 592

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ:21 ਨਵੰਬਰ, 2012

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜਿਲ੍ਹਾ ਤੇ ਸੈਸਨਜ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,
ਪੰਜਾਬ ਰਾਜ ਵਿੱਚ।

ਵਿਸਾ:- ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਇੱਕ ਸਾਲ ਦਾ ਵਾਧਾ ਕਰਨ ਬਾਰੇ-ਸਪਸਟੀਕਰਨ।

***

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸੇ ਤੇ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ: 22/2/2012-3ਵਿਪ੍2/475, ਮਿਤੀ 8 ਅਕਤੂਬਰ, 2012 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਆਪਦੇ ਵਿਭਾਗਾਂ ਵਿਚੋਂ ਰਿਟਾਇਰ ਹੋਣ ਵਾਲੇ ਜਿਨ੍ਹਾਂ ਕਰਮਚਾਰੀਆਂ ਦੇ ਕੇਸ ਮਹਾਂਲੇਖਾਕਾਰ ਪੰਜਾਬ ਨੂੰ ਪੈਨਸਨ ਸਬੰਧੀ ਤਿਆਰ ਕਰਕੇ ਭੇਜੇ ਜਾ ਚੁੱਕੇ ਹਨ ਜਾਂ ਭੇਜੇ ਜਾ ਰਹੇ ਹਨ, ਉਨ੍ਹਾਂ ਵਲੋਂ ਕਿਸੇ ਵੀ ਅਧਿਕਾਰੀ/ ਕਰਮਚਾਰੀ ਵਲੋਂ ਉਪਰੋਕਤ ਹਦਾਇਤਾਂ ਅਧੀਨ ਸੇਵਾਕਾਲ ਵਿਚ ਇਕ ਸਾਲ ਦਾ ਵਾਧਾ ਮਨਜੂਰ ਕਰਨ ਸਬੰਧੀ ਆਪਣੇ ਵਿਭਾਗ ਨੂੰ ਪਹੁੰਚ ਨਹੀਂ ਕੀਤੀ ਗਈ ਜਾਂ ਪ੍ਰਵਾਨ ਕਰਤਾ ਅਧਿਕਾਰੀ ਵਲੋਂ ਉਨ੍ਹਾਂ ਦੇ ਸੇਵਾ ਕਾਲ ਵਿਚ ਇਕ ਸਾਲ ਦਾ ਵਾਧਾ ਮੰਨਜੂਰ ਨਹੀ ਕੀਤਾ ਗਿਆ ਤਾਂ ਇਸ ਸਬੰਧੀ ਵਿਸੇਸ ਤੌਰ ਤੇ ਸ੍ਪਸਟ/ ਤਸਦੀਕ ਕਰਦੇ ਹੋਏ ਮਹਾਂਲੇਖਾਕਾਰ, ਪੰਜਾਬ ਨੂੰ ਮਿਤੀ 30.12.2012 ਤੱਕ ਸੂਚਿਤ ਕੀਤਾ ਜਾਵੇ। ਇਹ ਵੀ ਵਿਸੇਸ ਧਿਆਨ ਵਿਚ ਰੱਖਿਆ ਜਾਵੇ ਕਿ ਇਨ੍ਹਾਂ ਹਦਾਇਤਾਂ ਅਧੀਨ ਜੇਕਰ ਕਿਸੇ ਅਧਿਕਾਰੀ/ ਕਰਮਚਾਰੀ ਵੱਲੋਂ ਸਰਕਾਰੀ ਸੇਵਾ ਵਿੱਚ ਵਾਧਾ ਕਰਨ ਸਬੰਧੀ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਉਸ ਦੀ ਪੈਨਸਨ ਮਹਾਂਲੇਖਾਕਾਰ ਤੋਂ ਪ੍ਰਵਾਨਗੀ ਉਪਰੰਤ ਆਪ ਦੇ ਅਤੇ ਆਪ ਦੇ ਹੇਠਲੇ ਦਫਤਰਾਂ ਵਿੱਚ ਪ੍ਰਾਪਤ ਹੋ ਗਈ ਹੋਵੇ ਤਾਂ ਪੈਨਸਨਰੀ ਲਾਭਾਂ ਦੀ ਅਦਾਇਗੀ ਹਵਾਲੇ ਅਧੀਨ ਪੱਤਰ ਵਿੱਚ ਕੀਤੇ ਉਪਬੰਧਾਂ ਸਨਮੁੱਖ ਤੁਰੰਤ ਰੋਕ ਦਿੱਤੀ ਜਾਵੇ।

ਆਪ ਜੀ ਦਾ ਵਿਸਵਾਸਪਾਤਰ

58613 27/11/12

(ਮਹਿੰਦਰ ਸਿੰਘ ਪਰਾਸਰ)
ਅਧੀਨ ਸਕੱਤਰ ਵਿੱਤ

ਪਿੱਠ ਅੰਕਣ ਨੰ: 22/ 2/2012-3 ਐਫ.ਪੀ.2/ ਮਿਤੀ,ਚੰਡੀਗੜ੍ਹ: ਨਵੰਬਰ, 2012

ਇਸ ਦਾ ਉਤਾਰਾ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ਨੂੰ ਉਹਨਾਂ ਦੇ ਨੰ:SAI Pen.1/Extension of service/2012-13/7552-53, ਮਿਤੀ 23 ਅਕਤੂਬਰ, 2012 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(ਮਹਿੰਦਰ ਸਿੰਘ ਪਰਾਸਰ)
ਅਧੀਨ ਸਕੱਤਰ ਵਿੱਤ

ਪਿੱਠ ਅੰਕਣ ਨੰ: 22/ 2/2012-3 ਐਫ.ਪੀ.2/ ਮਿਤੀ,ਚੰਡੀਗੜ੍ਹ: ਨਵੰਬਰ, 2012

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਅਧੀਨ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ ਮਿਤੀ,ਚੰਡੀਗੜ੍ਹ: ਨਵੰਬਰ, 2012

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰਾਂ/ ਖਜਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012- 3 ਐਫ.ਪੀ.2/ ਮਿਤੀ,ਚੰਡੀਗੜ੍ਹ ਨਵੰਬਰ, 2012

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ,ਪੰਜਾਬ ਇੰਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ ਵਿੱਤ

ਪਿਛਲੇ ਪੰਨੇ ਤੋਂ:-